# ਪਸ਼ੂ ਪਾਲਣ ਵਿਭਾਗ, ਮਾਨਸਾ

ਅਪ੍ਰੈਲ 1992 ਨੂੰ ਇਹ ਜਿਲ੍ਹਾ ਹੋਂਦ ਵਿੱਚ ਆਇਆ ਹੈ। ਉਸ ਸਮੇਂ ਇਸ ਜ਼ਿਲ੍ਹੇ ਵਿੱਚ 29 ਹਸਪਤਾਲ ਅਤੇ 31 ਡਿਸਪੈਂਸਰੀਆਂ ਸਨ, ਇਸ ਸਮੇਂ ਜ਼ਿਲ੍ਹੇ ਵਿੱਚ 8 ਹਸਪਤਾਲ ਅਤੇ 60 ਡਿਸਪੈਂਸਰੀਆਂ ਹਨ ਅਤੇ ਇਸ ਤੋਂ ਇਲਾਵਾ ਇੱਕ ਯੂਨੀਵਰਸਿਟੀ ਪੱਧਰ ਦਾ ਸਰਸਾ ਰੋਡ ਤੇ ਵੈਟੀ: ਪੋਲੀਕਲੀਨਿਕ ਹੈ ਜਿਸ ਵਿੱਚ ਮਾਹਿਰ ਡਾਕਟਰਾਂ ਵੱਲੋਂ ਇਸ ਜ਼ਿਲ੍ਹੇ ਦੇ ਪਸ਼ੂ ਪਾਲਕਾਂ ਨੂੰ ਵੱਖ-ਵੱਖ ਬਿਮਾਰੀਆਂ ਦੇ ਟੈਸਟ ਕਰਕੇ ਪਸ਼ੂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਇਸ ਜ਼ਿਲ੍ਹੇ ਵਿੱਚ ਤਿੰਨ ਸਬ-ਡਵੀਜਨ ਹਸਪਤਾਲ ਮਾਨਸਾ/ਬੁਢਲਾਡਾ/ਸਰਦੂਲਗੜ੍ਹ ਵਿਖੇ ਸੀਨੀਅਰ ਅਫ਼ਸਰਾਂ ਦੀ ਦੇਖ-ਰੇਖ ਹੇਠਾਂ ਕੰਮ ਚੱਲ ਰਿਹਾ ਹੈ, ਝੁਨੀਰ ਫਾਟਕ ਦੇ ਕੋਲ ਸਬ-ਡਵੀਜਨ ਮਾਨਸਾ ਵਿੱਚ ਇਸ ਜ਼ਿਲ੍ਹੇ ਦੇ ਮੁੱਖ ਦਫ਼ਤਰ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਮਾਨਸਾ ਦਾ ਦਫਤਰ ਹੈ ਜੋ ਇਸ ਜ਼ਿਲ੍ਹੇ ਦੀਆਂ ਸਾਰੀਆਂ ਪਸ਼ੂ ਸੰਸਥਾਵਾਂ ਦੇ ਕੰਮਾਂ ਨੂੰ ਕੰਟਰੋਲ ਜ਼ਿਲ੍ਹੇ ਦਾ ਮੁੱਖ ਅਫ਼ਸਰ ਡੀ.ਡੀ.ਏ.ਐਚ. ਮਾਨਸਾ ਦੀ ਦੇਖ-ਰੇਖ ਹੇਠ ਚੱਲ ਰਿਹਾ ਹੈ।

ਇਸ ਸਮੇਂ ਇਸ ਜਿਲ੍ਹੇ ਵਿੱਚ ਤਿੰਨ ਸੀਨੀਅਰ ਵੈਟਨਰੀ ਅਫਸਰ 15 ਵੈਟਨਰੀ ਅਫ਼ਸਰ ਅਤੇ 101 ਵੈਟੀ: ਫਾਰਮਾਸਿਸਟ ਇਸ ਜ਼ਿਲ੍ਹੇ ਦੇ ਪਸ਼ੂ ਪਾਲਕਾਂ ਨੂੰ ਪਸ਼ੂ ਸਿਹਤ ਸੇਵਾਵਾਂ ਦੇ ਰਹੇ ਹਨ ਪਸ਼ੂ ਪਾਲਣ ਵਿਭਾਗ ਇਸ ਜ਼ਿਲ੍ਹੇ ਦੇ ਲੋਕਾਂ ਦੀ ਆਰਥਿਕਤਾ ਵਿੱਚ ਇੱਕ ਅਹਿਮ ਹਿੱਸਾ ਪਾ ਰਿਹਾ ਹੈ। ਇਸ ਜਿਲ੍ਹੇ ਵਿੱਚ ਕੁੱਲ ਪਸ਼ੂਆਂ ਦੀ ਸੰਖਿਆ 40570 ਹੈ।

**1.** ***ਪਸ਼ੂ ਸਿਹਤ ਸੇਵਾਵਾਂ :-***

ਇਸ ਜ਼ਿਲ੍ਹੇ ਦੀਆਂ 111 ਪਸ਼ੂ ਸੰਸਥਾਵਾਂ ਵਿੱਚ ਪਸ਼ੂ ਪਾਲਕਾਂ ਨੂੰ ਵੱਖ-ਵੱਖ ਬਿਮਾਰੀਆਂ ਦਾ ਇਲਾਜ ਵਿਭਾਗ ਦੇ 100% ਟੀਚਿਆਂ ਨੂੰ ਪ੍ਰਾਪਤ ਕਰਨ ਲਈ ਯਕੀਨੀ ਬਣਾਇਆ ਜਾਂ ਰਿਹਾ ਹੈ। ਹਰ ਤਰਾਂ ਦੇ ਬਿਮਾਰ ਪਸ਼ੂਆਂ ਦਾ ਇਲਾਜ ਤੇ ਅਪਰੇਸ਼ਨ ਆਦਿ ਵੀ ਕੀਤੇ ਜਾਂਦੇ ਹਨ। ਤਹਿਸੀਲ ਤੇ ਬਲਾਕ ਪੱਧਰ ਦੇ ਹਸਪਤਾਲਾਂ ਵਿੱਚ ਵੀ ਲੈਬਾਰਟਰੀ ਸਹੂਲਤਾਂ ਉਪਲਬਧ ਹਨ। ਜਿੱਥੇ ਖੂਨ, ਪਿਸ਼ਾਬ, ਗੋਹਾ ਆਦਿ ਟੈਸ਼ਟ ਕੀਤਾ ਜਾਂਦਾ ਹੈ ਤਾਂ ਜੋ ਬਿਮਾਰ ਪਸ਼ੂਆਂ ਦੇ ਇਲਾਜ ਸੰਬੰਧੀ ਸਹੀ ਸੇਧ ਮਿਲ ਸਕੇ।

**2.** ***ਨਸਲ ਕਸੀ :-***

ਇਸ ਜ਼ਿਲ੍ਹੇ ਦੀਆਂ ਸਾਰੀਆਂ ਸੰਸਥਾਵਾਂ ਵਿੱਚ ਫਿਰੋਜਨ ਸੀਮਨ ਨਾਲ ਸੀਮਨ ਬੈਂਕ ਨਾਭਾ ਅਤੇ ਪਟਿਆਲਾ ਤੋਂ ਚੰਗੇ ਸਾਨ੍ਹਾਂ ਦਾ ਵੀਰਜ਼ ਲਿਆਕੇ ਨਸਲ ਸੁਧਾਰ ਲਈ ਪਸ਼ੂਆਂ ਨੂੰ ਟੀਕੇ ਲਗਾਏ ਜਾ ਰਹੇ ਹਨ।

## 3 ਵੈਕਸੀਨੇਸ਼ਨ :-

ਗਲਘੋਟੂ ਅਤੇ ਮੂੰਹ-ਖੁਰ ਵਰਗੀਆਂ ਨਾ ਮੁਰਾਦ ਛੂਤੀ ਬਿਮਾਰੀਆਂ ਦੀ ਵੈਕਸੀਨੇਸ਼ਨ ਟੀਕਾਕਰਨ ਪਿੰਡ-ਪਿੰਡ ਜਾ ਕੇ ਕੀਤਾ ਜਾਂਦਾ ਹੈ ।

## 4 ਪਸ਼ੂ ਭਲਾਈ ਕੈਂਪ :-

ਹਰ ਮਹੀਨੇ ਵੱਖ-ਵੱਖ ਪਿੰਡਾਂ ਵਿੱਚ ਦੋ ਮੁਫਤ ਪਸ਼ੂ ਭਲਾਈ ਕੈਂਪ ਲਗਾਏ ਜਾਂਦੇ ਹਨ ਜਿਸ ਵਿੱਚ ਪਸ਼ੂ ਪਾਲਕਾਂ ਨੂੰ ਵਾਧੂ ਹਰੇ ਚਾਰੇ ਤੋਂ ਅਚਾਰ ਅਤੇ ਤੂੜੀ ਨੂੰ ਯੂਰੀਆ ਨਾਲ ਸੋਧਣ ਦੀ ਤਕਨੀਕ ਬਾਰੇ ਇਸ ਵਿਭਾਗ ਦੇ ਖੇਤੀ ਬਾੜੀ ਵਿਕਾਸ ਅਫਸਰ ਚਾਰਾ ਵੱਲੋਂ ਦੱਸਿਆ ਜਾਂਦਾ ਹੈ ਅਤੇ ਸੰਤੁਲਿਤ ਖੁਰਾਕ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ ।

## 5 ਆਦਰਸ਼ ਗਰਾਮ ਪਿੰਡ :-

ਇਸ ਜ਼ਿਲ੍ਹੇ ਵਿੱਚ ਹਰ ਇੱਕ ਬਲਾਕ ਵਿੱਚ ਦੋ-ਦੋ ਪਿੰਡ ਪਹਿਲੇ ਫੇਸ ਅਤੇ ਦੂਜੇ ਫੇਸ ਵਿੱਚ ਚੁਣੇ ਹੋਏ ਹਨ । ਇਹਨਾ ਆਦਰਸ਼ ਗਰਾਮ ਪਿੰਡਾਂ ਵਿੱਚ ਪਸ਼ੂ ਪਾਲਣ ਵਿਭਾਗ, ਮੱਛੀ ਪਾਲਣ ਵਿਭਾਗ ਅਤੇ ਡੇਅਰੀ ਵਿਕਾਸ ਵਿਭਾਗ ਵੱਲੋਂ ਕੈਂਪ ਲਗਾਏ ਜਾਂਦੇ ਹਨ ਅਤੇ ਇਹਨਾਂ ਕੈਂਪਾਂ ਵਿੱਚ ਆਪੋ ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ।